ਅਕਾਸ਼ਵਾਣੀ ਚੰਡੀਗੜ੍ਹ
ਪ੍ਰਾਦੇਸ਼ਿਕ ਖ਼ਬਰਾਂ, ਪੰਜਾਬੀ
ਮਿਤੀ 16-05-2012,1820 **hrs** ਸ਼ਾਮ
ਮੁੱਖ ਖ਼ਬਰਾਂ

- ਕੇਂਦਰੀ ਗ੍ਰਹਿ ਸਕੱਤਰ ਨੇ ਕਿਹੈ ਕਿ ਏਸ ਮਹੀਨੇ ਦੀ 24 ਤੇ 25 ਤਰੀਕ ਨੂੰ ਇਸਲਾਮਾਬਾਦ 'ਚ ਹੋ ਰਹੀ ਦੁਵੱਲੀ ਮੀਟਿੰਗ 'ਚ ਵੀਜ਼ਾ ਸ਼ਰਤਾਂ ਨਰਮ ਕਰਨ ਅਤੇ ਮੁੰਬਈ ਧਮਾਕਿਆਂ ਦੇ ਦੋਸ਼ੀਆਂ ਦੀ ਹਵਾਲਗੀ ਵਰਗੇ ਮੁੱਦੇ ਉਠਾਏ ਜਾਣਗੇ।

- ਪੰਜਾਬ ਦੇ ਮੁੱਖ ਮੰਤਰੀ ਨੇ ਸੂਬੇ ਦੇ ਕਿਸਾਨਾਂ ਨੂੰ ਪੈਨਸ਼ਨ ਦੇਣ ਲਈ ਮੁੱਖ ਸਕੱਤਰ ਨੂੰ ਇਕ ਪਾਏਦਾਰ ਤਜਵੀਜ਼ ਲਿਆਉਣ ਲਈ ਕਿਹੈ।

- ਪੰਚਾਇਤਾਂ ਦੇ ਕੰਮ ਕਾਜ 'ਚ ਬਿਹਤਰੀ ਅਤੇ ਪਾਰਦਰਸ਼ਤਾ ਲਾਈ ਸਾਰੀਆਂ ਪੰਚਾਇਤਾਂ ਦੇ ਖਾਤੇ ਆਨ ਲਾਈਨ ਕੀਤੇ ਜਾ ਰਹੇ ਨੇ।

- ਜ਼ੀਰਕਪੁਰ ਪਟਿਆਲਾ ਬਠਿੰਡਾ ਸੜਕਾਂ ਨੂੰ ਚਹੁੰ ਮਾਰਗੀ ਬਣਾਉਣ ਦਾ ਪ੍ਰਾਜੈਕਟ 15 ਸਤੰਬਰ ਤੋਂ ਸ਼ੁਰੂ ਹੋ ਜਾਏਗਾ।

ਕੇਂਦਰੀ ਗ੍ਰਹਿ ਸਕੱਤਰ ਆਰ ਕੇ ਸਿੰਘ ਨੇ ਕਿਹੈ ਕਿ ਏਸ ਮਹੀਨੇ ਦੀ 24 ਤੇ 25 ਤਰੀਕ ਨੂੰ ਇਸਲਾਮਾਬਾਦ 'ਚ ਹੋ ਰਹੀ ਭਾਰਤੀ ਅਤੇ ਪਾਕਿਸਤਾਨ ਦੇ ਗ੍ਰਹਿ ਸਕੱਤਰਾਂ ਦੀ ਮੀਟਿੰਗ 'ਚ ਦੁਵੱਲੇ ਮੁਦਿਆਂ ਤੇ ਅਹਿਮ ਗੱਲਬਾਤ ਹੋਵੇਗੀ ਅਤੇ ਉਨ੍ਹਾਂ ਨੂੰ ਉਮੀਦ ਏ ਕਿ ਏਸ ਨਾਲ ਦੋਹਾਂ ਮੁਲਕਾਂ ਵਿਚਕਾਰ ਰਿਸ਼ਤੇ ਹੋਰ ਮਜ਼ਬੂਤ ਹੋਣਗੇ।

ਅੱਜ ਅੰਮ੍ਰਿਤਸਰ 'ਚ ਦਰਬਾਰ ਸਾਹਿਬ ਮੱਥਾ ਟੇਕਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੇਂਦਰੀ ਗ੍ਰਹਿ ਸਕੱਤਰ ਨੇ ਕਿਹਾ ਕਿ ਏਸ ਮੀਟਿੰਗ 'ਚ ਵੀਜ਼ਾ ਪ੍ਰਣਾਲੀ ਨਰਮ ਕਰਨ, ਮੁੰਬਈ ਬੰਬ ਧਮਾਕਿਆਂ ਲਈ ਦੋਸ਼ੀਆਂ ਦੀ ਹਵਾਲਗੀ ਅਤੇ ਸਰਹੱਦ ਪਾਰੋਂ ਨਸ਼ੀਲਾ ਪਦਾਰਥਾਂ ਤੇ ਹਥਿਆਰਾਂ ਦੀ ਸਮਗਲਿੰਗ ਵਰਗੇ ਮੁੱਦੇ ਉਠਾਏ ਜਾਣਗੇ।

ਨਕਸਲਵਾਦ ਬਾਰੇ ਪੁੱਛੇ ਜਾਣ ਤੇ ਆਰ ਕੇ ਸਿੰਘ ਨੇ ਕਿਹਾ ਕਿ ਦੇਸ਼ ਨੂੰ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਦਾ ਡਟ ਕੇ ਮੁਕਾਬਲਾ ਕੀਤਾ ਜਾਏਗਾ।

ਉਨ੍ਹਾਂ ਕਿਹਾ ਕਿ ਭਾਰਤ ਪਾਕਿਸਤਾਨ ਸਰਹੱਦ ਉਪਰ ਬੀ ਐਸ ਐਫ ਅਤੇ ਹੋਰ ਏਜੰਸੀਆਂ ਪੂਰੀ ਤਰ੍ਹਾਂ ਚੌਕਸ ਨੇ ਤੇ ਏਸ ਚੌਂਕਸੀ ਕਰਕੇ ਹੀ ਨਸ਼ੀਲੇ ਪਦਾਰਥ ਅਤੇ ਹਥਿਆਰਾਂ ਦੀਆਂ ਖੇਮਾਂ ਫੜੀਆਂ ਜਾ ਰਹੀਆਂ ਨੇ।

*****************************************************************

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਸਕੱਤਰ ਨੂੰ ਕਿਹੈ ਕਿ ਸੂਬੇ ਦੇ ਕਿਸਾਨਾਂ ਲਈ ਅਜਿਹੀ ਪੈਨਸ਼ਨ ਸਕੀਮ ਸ਼ੁਰੂ ਕਰਨ ਵਾਸਤੇ ਇਕ ਪਾਏਦਾਰ ਤਜਵੀਜ਼ ਬਣਾਈ ਜਵੇ ਜੋ ਉਨ੍ਹਾਂ ਦੇ ਬੁਢਾਪੇ 'ਚ ਸਹਾਰਾ ਬਣ ਸਕੇ ਅਤੇ ਉਨ੍ਹਾਂ 'ਚ ਸੁਰਖਿਆ ਦੀ ਭਾਵਨਾ ਪੈਦਾ ਕਰ ਸਕੇ।

ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ 'ਚ ਕਿਸਾਨਾਂ ਦੇ ਇਕ ਵਫ਼ਦ ਨਾਲ ਗੱਲਬਾਤ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਇਹ ਸਕੀਮ ਕੌਮੀ ਪੈਨਸ਼ਨ ਸਕੀਮ ਦੀ ਤਰਜ਼ ਤੇ ਬਣਾਈ ਜਾਏ ਜਿਸ ਵਿਚ ਕਿਸਾਨ ਕੁਝ ਯੋਗਦਾਨ ਪਾਉਣ ਅਤੇ ਏਨੀ ਹੀ ਰਕਮ ਰਾਜ ਸਰਕਾਰ ਵੱਲੋਂ ਪਾਈ ਜਾਵੇ। ਉਨ੍ਹਾਂ ਦਸਿਆ ਕਿ 60 ਜਾਂ 65 ਸਾਲ ਦੀ ਉਮਰ ਤੋਂ ਬਾਅਦ ਕਿਸਾਨਾਂ ਨੂੰ ਇਹ ਪੈਨਸ਼ਨ ਦੇਣੀ ਸ਼ੁਰੂ ਕੀਤੀ ਜਾਏ।

ਸਾਂਝੀਆਂ ਜ਼ਮੀਨ ਜਾਇਦਾਦਾਂ ਦੀ ਸਮੇਂ ਸਿਰ ਤਕਸੀਮ ਬਾਰੇ ਯੂਨੀਅਨ ਦੀ ਇਕ ਹੋਰ ਮੰਗ ਵਲੋਂ ਤਵੱਜੋ ਦਿੰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਨ੍ਹਾਂ ਨੇ ਪਹਿਲਾ ਹੀ ਮਾਲ ਮਹਿਕਮੇ ਦੇ ਵਿਤੀ ਕਮਿਸ਼ਨਰ ਨੂੰ ਇਹ ਹਦਾਇਤ ਕਰ ਦਿੱਤੀ ਏ ਕਿ ਸਾਰੇ ਜ਼ਿਲ੍ਹਿਆਂ ਦਾ ਮਾਲ ਅਧਿਕਾਰੀਆਂ ਨੂੰ ਅਜਿਹੇ ਕੇਸਾਂ ਦੇ ਸੁਲਹ ਸਫਾਈ ਨਾਲ ਨਿਪਟਾਰੇ ਲਈ ਅੱਗੇ ਕਾਰਵਾਈ ਕਰਨ। ਉਨ੍ਹਾਂ ਦਸਿਆ ਕਿ ਮਾਲ ਮਹਿਕਮੇ ਨੂੰ ਇਹ ਟੀਚਾ ਦਿੱਤਾ ਗਿਐ ਕਿ ਇਕ ਸਾਲ 'ਚ 50 ਫ਼ੀ ਮੁਸ਼ਤਰਕਾ ਖਾਤਿਆਂ ਵਾਲੀਆਂ ਜ਼ਮੀਨਾਂ ਦੀ ਤਕਸੀਮ ਦਾ ਨਿਪਟਾਰਾ ਕੀਤਾ ਜਾਏ। ਮੁੱਖ ਮੰਤਰੀ ਨੇ ਕਿਹਾ ਕਿ ਇੰਤਕਾਲ ਵੀ 15 ਦਿਨਾਂ ਦੇ ਅੰਦਰ ਅੰਦਰ ਕਰਨ ਲਈ ਕਿਹਾ ਗਿਐ।

ਗੰਨੇ ਦੇ ਬਕਾਇਆ ਬਾਰੇ ਕਿਸਾਨ ਯੂਨੀਅਨ ਦੀ ਮੰਗ ਤੇ ਸ੍ਰੀ ਬਾਦਲ ਨੇ ਵਿਤੀ ਕਮਿਸ਼ਨਰ ਵਿਕਾਸ ਨੂੰ ਕਿਹਾ ਕਿ ਗੰਨਾ ਉਤਪਾਦਨ ਕਿਸਾਨਾਂ ਅਤੇ ਖੰਡ ਮਿਲਾਂ ਵਿਚਕਾਰ ਗੰਨੇ ਦੀ ਖਰੀਦ ਦੇ ਬਕਾਇਆ ਦਾ ਮਾਮਲਾ ਸੁਲਝਾਇਆ ਜਾਏ।

ਉਨ੍ਹਾਂ ਨੇ ਦੋਆਬਾ ਇਲਾਕੇ ਦੇ ਕਿਸਾਨਾਂ ਨੂੰ ਲਕੜ ਦੀ ਖਰੀਦ ਅਤੇ ਵਿਕਰੀ ਲਈ ਸਹੂਲਤ ਦੇਣ ਵਾਸਤੇ ਮੰਡੀ ਬੋਰਡ ਦੇ ਸਕੱਤਰ ਨੂੰ ਕਿਹਾ ਕਿ ਹੁਸ਼ਿਆਰਪੁਰ 'ਚ ਇਕ ਆਧੁਨਿਕ ਲਕੜ ਮਾਰਕਿਟ ਬਣਾਈ ਜਾਵੇ।

ਬੈਂਕਾਂ ਵਲੋਂ 50,000 ਤੋਂ ਵੱਧ ਰਕਮ ਕਢਵਾਉਣ ਲਈ ਪੈਨ ਕਾਰਡ ਮੰਗੇ ਜਾਣ ਦੇ ਮੁੱਦੇ ਤੇ ਸ੍ਰੀ ਬਾਦਲ ਨੇ ਕਿਹਾ ਕਿਸਾਨ ਪੈਨ ਦੀ ਜਗਹ ਫਾਰਮ 60 ਦੀ ਵਰਤੋਂ ਕਰ ਸਕਦੇ ਨੇ ਕਿਉਂਕਿ ਰਾਜ ਸਰਕਾਰ ਇਸ ਮਾਮਲੇ 'ਚ ਦਖ਼ਲ ਨਹੀਂ ਦੇ ਸਕਦੀ ਜੋ ਆਮਦਨ ਟੈਕਸ ਵਿਭਾਗ ਨਾਲ ਸਬੰਧਤ ਏ ਜੋ ਕੇਂਦਰ ਸਰਕਾਰ ਦੇ ਮਾਤਹਿਤ ਏ।

ਕਿਸਾਨਾਂ ਨੂੰ 2010 ਦੀ ਔੜ ਰਾਹਤ ਵਿਚੋਂ ਬਕਾਇਆ 150 ਕਰੋੜ ਦੀ ਅਦਾਇਗੀ ਦੇ ਇਕ ਹੋਰ ਮੁੱਦੇ ਬਾਰੇ ਮੁੱਖ ਮੰਤਰੀ ਨੇ ਯਕੀਨ ਦੁਆਇਆ ਕਿ ਇਹ ਰਕਮ ਕੇਂਦਰ ਸਰਕਾਰ ਵੱਲੋਂ ਫੰਡ ਆਉਣ ਮਗਰੋਂ ਤੁਰੰਤ ਜਾਰੀ ਕਰ ਦਿੱਤੀ ਜਾਏਗੀ।

*****************************************************************

ਪੰਜਾਬ ਸਰਕਾਰ ਵਲੋਂ ਕਾਇਮ ਕੀਤੀ ਗਈ ਕੈਂਸਰ ਜਾਗਰੂਕਤਾ ਤੇ ਖੋਜ ਕਮੇਟੀ ਨੇ ਆਪਣੀ ਰਿਪੋਰਟ ਵਿਚ ਇਸ ਗੱਲ ਦਾ ਖੁਲਾਸਾ ਕੀਤੈ ਕਿ ਰੋਕੋ ਕੇਂਸਰ ਟਰੱਸਟ ਵਲੋਂ ਚਲਾਈ ਜਾ ਰਹੀ ਰੋਕੋ ਕੈਂਸਰ ਮੁਹਿੰਮ ਸਰਕਾਰ ਲਈ ਕਾਫ਼ੀ ਮਹਿੰਗੀ ਸਾਬਿਤ ਹੋ ਰਹੀ ਏ।

ਕਮੇਟੀ ਨੇ ਦਸਿਐ ਕਿ ਮੈਮੋਗ੍ਰਾਫੀ ਦਾ ਜਿਹੜਾ ਟੈਸਟ ਪੀਜੀਆਈ 'ਚ ਇਕ ਸੌ ਰੁਪਏ 'ਚ ਹੁੰਦੈ ਉਸ ਟੈਸਟ ਲਈ ਇਸ ਮੁੰਹਿਮ ਤਹਿਤ ਪੰਜਾਬ ਸਰਕਾਰ 6800 ਰੁਪਏ ਦਾ ਖਰਚਾ ਕਰ ਰਹੀ ਏ ਜਿਸ ਵਿਚ ਸਰਕਾਰੀ ਅਮਲੇ ਦੀ ਤਨਖਾਹ ਦਾ ਖਰਚਾ ਵੀ ਸ਼ਾਮਿਲ ਏ ਜੋ ਕਿ ਇਸ ਮੁੰਹਿਮ ਦੌਰਾਨ ਲਗੇ ਕੈਂਪਾਂ ਵਿਚ ਡਿਊਟੀ ਤੇ ਹੁੰਦੇ ਨੇ। ਸਟੇਟ ਕੈਂਸਰ ਪ੍ਰੋਗਰਾਮ ਅਧਿਕਾਰੀ ਡਾਕਟਰ ਰਕੇਸ਼ ਗੁਪਤਾ ਨੇ ਪ੍ਰਸਾਰ ਭਾਰਤੀ ਨੂੰ ਦਸਿਐ ਕਿ ਪੰਜਾਬ ਸਰਕਾਰ ਨੇ ਕਮੇਟੀ ਦੀ ਰਿਪੋਰਟ ਨੂੰ ਮਾਨਤਾ ਦੇਂਦਿਆਂ ਰੋਕੋ ਕੈਂਸਰ ਮੁਹਿੰਮ ਨੂੰ ਦਿੱਤੀ ਜਾਣ ਵਾਲੀ ਮਦਦ ਬੰਦ ਕਰਨ ਦਾ ਫੈਸਲਾ ਕੀਤੈ।

*****************************************************************

ਪੰਚਾਇਤਾਂ ਦੇ ਕੰਮ ਕਾਜ 'ਚ ਬਿਹਤਰੀ ਅਤੇ ਪਾਰਦਰਸ਼ਤਾ ਲਿਆਉਣ ਲਈ ਪੰਚਾਇਤ ਖਤਿਆਂ ਨੂੰ ਆਨ ਲਾਈਨ ਕਰਨ ਦਾ ਕੰਮ ਪੂਰੇ ਜ਼ੋਰਾਂ ਤੇ ਚੱਲ ਰਿਹੈ ਅਤੇ ਛੇਤੀ ਹੀ ਸਾਰੀਆਂ ਪੰਚਾਇਤਾਂ ਦੇ ਖਾਤੇ ਆਨ ਲਾਈਨ ਹੋ ਜਾਣਗੇ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਚੰਡੀਗੜ੍ਹ 'ਚ ਜਾਰੀ ਇਕ ਬਿਆਨ 'ਚ ਦਸਿਆ ਕਿ ਇਸ ਵੇਲੇ ਪੰਜਾਬ 'ਚ 20 ਜ਼ਿਲ੍ਹਾ ਪਰਿਸ਼ਦਾਂ ਅਤੇ 142 ਬਲਾਕ ਸਮਿਤੀਆਂ ਵਿਚ ਆਨ ਲਾਈਨ ਦਾ ਕੰਮ ਚੱਲ ਰਿਹੈ ਅਤੇ ਸੂਬੇ ਦੇ 12,776 ਪਿੰਡਾਂ 'ਚੋਂ 4668 ਪਿੰਡਾਂ 'ਚ ਪੰਚਾਇਤਾਂ ਦੇ ਖਾਤੇ ਆਨ ਲਾਈਨ ਹੋ ਗਏ ਨੇ। ਉਨ੍ਹਾਂ ਦਸਿਆ ਕਿ ਬਾਕੀ ਰਹਿੰਦੀਆਂ ਪੰਚਾਇਤਾਂ ਦਾ ਖਾਤੇ ਵੀ ਛੇਤੀ ਆਨ ਲਾਈਨ ਹੋ ਜਾਣਗੇ। ਇਸ ਬਾਰੇ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਨੇ।

*****************************************************************

ਪੰਜਾਬ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਕਿਹੈ ਕਿ ਸੂਬੇ 'ਚ ਦੁੱਧ ਦੀ ਪੈਦਾਵਾਰ ਵਧਾਉਣ ਲਈ ਮੱਝਾਂ ਦੀ ਨਸਲ ਸੁਧਾਰ ਦੇ ਉਪਰਾਲੇ ਕੀਤੇ ਜਾਣਗੇ।

ਪਟਿਆਲਾ ਜ਼ਿਲ੍ਹੇ ਦੇ ਕਲਿਆਣ ਪਿੰਡ 'ਚ ਪਸ਼ੂ ਪਾਲਣ ਵਿਭਾਗ ਵੱਲੋਂ ਲਗਾਏ ਪਸ਼ੂ ਰੋਗ ਨਿਵਰਸ ਕੈਂਪ ਦਾ ਉਦਘਾਟਨ ਕਰਦਿਆਂ ਸੀ ਰਣੀਕੇ ਨੇ ਕਿਹਾ ਕਿ ਏਸ ਮਕਸਦ ਲਈ ਪਾਕਿਸਤਾਨ ਤੋਂ ਨੀਲੀ ਰਾਵੀ ਨਸਲ ਦੇ ਝੋਟਿਆਂ ਦਾ ਸੀਮਾਨ ਮੰਗਵਾ ਕੇ ਨਸਲ ਸੁਧਾਰ ਕੀਤਾ ਜਾਏਗਾ। ਉਨ੍ਹਾਂ ਦਸਿਆ ਕਿ ਨਸਲ ਸੁਧਾਰ ਸਬੰਧੀ ਘੋਖ ਕਰਨ ਵਾਸਤੇ ਪਸ਼ੂ ਪਾਲਣ ਮਹਿਕਮੇ ਦੀ ਇਕ ਟੀਮ ਪਾਕਿਸਤਾਨ ਭੇਜੀ ਗਈ ਏ। ਸ੍ਰੀ ਰਣੀਕੇ ਨੇ ਕਿਹਾ ਕਿ ਮਸਨੂਈ ਗਰਭਦਾਨ ਲਈ ਬਾਹਰਲੇ ਮੁਲਕਾਂ ਤੋਂ 2 ਲੱਖ ਟੀਕੇ ਮੰਗਵਾਏ ਜਾ ਰਹੇ ਨੇ। ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਵੀ ਸੰਬੋਧਨ ਕੀਤਾ।

*****************************************************************

ਪੰਜਾਬ ਸਰਕਾਰ ਨੇ, ਬਰਸਾਤਾਂ ਦੇ ਮੌਸਮ 'ਚ ਜਲੰਧਰ ਜ਼ਿਲ੍ਹੇ ਦੌਰਾਨ ਸਤਲੁਜ ਦਰਿਆ ਤੇ ਬਣੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਵਾਸਤੇ ਨਾਬਾਰਡ ਤਹਿਤ 502 ਕਰੋੜ ਰੁਪਏ ਦੀ ਲਾਗਤ ਦੀਆਂ 13 ਤਜਵੀਜ਼ਾ ਨੂੰ ਪ੍ਰਵਾਨਗੀ ਦੇ ਦਿੱਤੀ ਏ। ਅਜਿਹਾ ਹੜ੍ਹਾਂ ਕਰਕੇ ਪੈਦਾ ਹੋਣ ਵਾਲੇ ਹਾਲਾਤ ਨਾਲ ਨਜਿੱਠਣ ਲਈ ਕੀਤਾ ਜਾ ਰਿਹੈ।

ਜ਼ਿਲ੍ਹਾ ਅਧਿਕਾਰੀਆਂ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆ ਜਲੰਧਰ ਦੇ ਡਿਪਟੀ ਕਮਿਸ਼ਨਰ ਪ੍ਰਯਾਂਕ ਭਾਰਤੀ ਨੇ ਦਸਿਐ ਕਿ ਇਨ੍ਹਾਂ 13 ਪ੍ਰਾਜੈਕਟਾਂ 'ਚੋਂ 10 ਫਗਵਾੜਾ ਵਾਟਰ ਡ੍ਰੇਨੇਜ ਬੋਰਡ ਬਲਾਕ ਤੇ ਤਿੰਨ ਜਲੰਧਰ ਵਾਟਰ ਡ੍ਰੇਨੇਜ ਬੋਰਡ ਬਲਾਕ ਦੇ ਪ੍ਰਾਜੈਕਟ ਸ਼ਾਮਿਲ ਨੇ।

*****************************************************************

ਜ਼ੀਰਕਪੁਰ ਪਟਿਆਲਾ ਬਠਿੰਡਾ ਸੜਕਾਂ ਨੂੰ ਚਹੁੰ ਮਾਰਗੀ ਬਣਾਉਣ ਵਾਲੀਆਂ ਕੰਪਨੀਆਂ ਨੇ ਪੰਜਾਬ ਦੇ ਉਪ ਮੁੱਖ ਮੰਤਰੀ ਨੂੰ ਭਰੋਸਾ ਦੁਆਇਆ ਕਿ ਏਸ ਪ੍ਰਾਜੈਕਟ ਤੇ ਉਸਾਰੀ ਦਾ ਕੰਮ 15 ਸਤੰਬਰ ਤੋਂ ਸ਼ੁਰੂ ਹੋ ਜਾਏਗਾ। ਪਟਿਆਲਾ ਤੋਂ ਬਠਿੰਡਾ ਤੱਕ ਚਹੁੰ ਮਾਰਗੀ ਕਰਨ ਵਾਲੀ ਕੰਪਨੀ ਦੇ ਮੁੱਖ ਆਪਰੇਟਿੰਗ ਅਫਸਰ ਆਰ ਕੇ ਸਿੰਘ ਅਤੇ ਜ਼ੀਰਕਪੁਰ ਤੋਂ ਪਟਿਆਲਾ ਤੱਕ ਦਾ ਨਿਰਮਾਣ ਕਰਨ ਵਾਲੀ ਕੰਪਨੀ ਦੇ ਡਾਇਰੈਕਟਰ ਦਲੀਪ ਡਾਡੀਵਾਲ ਨੇ ਸੁਖਬੀਰ ਸਿੰਘ ਬਾਦਲ ਨੂੰ ਵਿਸ਼ਵਾਸ ਦੁਆਇਆ ਕਿ ਕੋਈ 217 ਕਿਲੋਮੀਟਰ ਲੰਮੀ ਇਹ ਸੜਕ ਮਿਥੇ ਸਮੇਂ 'ਚ ਮੁਕੰਮਲ ਹੋ ਜਾਏਗੀ। ਉਨ੍ਹਾਂ ਦਸਿਆ ਕਿ ਏਸ ਸੜਕ ਤੇ 5 ਬਾਈਪਾਸ, 3 ਰੇਲਵੇ ਓਵਾਰ ਬਰਿਜ ਅਤੇ 11 ਅੰਡਰ ਬਰਿਜ ਬਣਨਗੇ। ਉਨ੍ਹਾਂ ਦਸਿਆ ਕਿ ਇਨ੍ਹਾਂ ਪ੍ਰਾਜੈਕਟਾਂ ਉਪਰ 25 ਅਰਬ 8 ਕਰੋੜ ਖਰਚ ਆਉਣਗੇ।

ਸ੍ਰੀ ਬਾਦਲ ਨੇ ਪ੍ਰਾਜੈਕਟ ਪ੍ਰਬੰਧਕਾਂ ਨੂੰ ਕਿਹਾ ਕਿ ਇਨ੍ਹਾਂ ਸੜਕਾਂ ਨੂੰ ਚਹੁੰ ਮਾਰਗੀ ਕਰਨ ਵੇਲੇ ਨਿਰਮਾਣ ਦੀ ਕੁਆਲਟੀ ਦਾ ਪੂਰਾ ਖਿਆਲ ਰਖਿਆ ਜਾਏ।

****************************************************************

ਸਰਕਾਰੀ ਖਰੀਦ ਏਜੰਸੀਆਂ ਅਤੇ ਮਿਲਾਂ ਵਾਲਿਆਂ ਨੇ ਕੱਲ੍ਹ ਸ਼ਾਮ ਤੱਕ ਪੰਜਾਬ 'ਚ 1 ਕਰੋੜ 24 ਲੱਖ ਟਨ ਕਣਕ ਖਰੀਦੀ ਏ। ਇਹ ਹੁਣ ਤੱਕ ਦੀ ਰਿਕਾਰਡ ਖਰੀਦ ਏ। ਪਹਿਲਾਂ ਸਰਕਾਰ ਨੇ 1 ਕਰੋੜ 15 ਲੱਖ ਟਨ ਦੀ ਆਮਦ ਦਾ ਟੀਚਾ ਮਿਥਿਆ ਸੀ। ਇਸ ਵਾਰ ਕਣਕ ਪੈਦਾਵਾਰ 165 ਲੱਕ ਟਨ ਹੋਣ ਦੀ ਆਸ ਏ। ਪਨਸਪ ਨੇ ਸਭ ਤੋਂ ਵੱਧ ਕਣਕ ਖਰੀਦੀ ਏ ਜਿਸ ਨੇ ਹੁਣ ਤੱਕ 28 ਲੱਖ ਟਨ ਤੋਂ ਵੱਧ ਦੀ ਖਰੀਦ ਕੀਤੀ ਏ। ਮਾਰਕਫੈੱਡ ਦੂਜੇ ਨੰਬਰ ਤੇ ਐ ਜਿਸ ਨੇ 27 ਲੱਖ ਟਨ ਕਣਕ ਖਰੀਦੀ ਏ। ਸੰਗਰੂਰ ਜ਼ਿਲ੍ਹੇ 'ਚ ਸਭ ਤੋਂ ਵੱਧ ਖਰੀਦ ਹੋਈ ਏ। ਇਕ ਅਨੁਮਾਨ ਮੁਤਾਬਿਕ ਇਸ ਵਾਰ ਕਿਸਾਨਾਂ ਨੂੰ ਕਣਕ ਤੋਂ 16000 ਕਰੋੜ ਰੁਪਏ ਦੀ ਵੱਟਤ ਹੋਵੇਗੀ ਅਤੇ ਪਿਛਲੇ ਸਾਲ ਨਾਲੋਂ 4000 ਕਰੋੜ ਤੋਂ ਵੱਧ ਆਮਦਨ ਹੋਵੇਗੀ। ਕਣਕ ਦੀ ਖਰੀਦ ਤੋਂ ਇਸ ਵਾਰ ਸਰਕਾਰ ਵੀ ਪਿਛਲੇ ਸਾਲ ਨਾਲੋਂ 700 ਕਰੋੜ ਵੱਧ ਕਮਾਏਗੀ।

****************************************************************

ਨੈਸ਼ਨਲ ਫੈਡਰੇਸ਼ਨ ਆਫ ਦੇ ਬਲਾਈਂਡ ਨੇ, ਪੰਜਾਬ ਸਰਕਾਰ ਵੱਲੋਂ 58 ਨੇਤਰਹੀਣ ਉਮੀਦਵਾਰਾਂ ਨੂੰ ਸੰਗੀਤ ਅਤੇ ਹੋਰ ਵਿਸ਼ਿਆਂ ਦੇ ਅਧਿਆਪਕ ਨਿਯੁਕਤ ਕਰਨ ਦਾ ਸੁਆਗਤ ਕੀਤੈ। ਫੈਡਰੇਸ਼ਨ ਦੇ ਜਨਰਲ ਸਕੱਤਰ ਰਾਮ ਮੂਰਤੀ ਨੇ ਚੰਡੀਗੜ੍ਹ 'ਚ ਜਾਰੀ ਇਕ ਬਿਆਨ 'ਚ ਕਿਹਾ ਕਿ ਕੱਲ੍ਹ ਨੂੰ ਮੋਹਾਲੀ ਦੇ ਫੇਜ਼ 3 ਬੀ ਇਕ ਦੇ ਸਰਕਾਰੀ ਸਕੂਲ 'ਚ ਇਕ ਸਮਾਗਮ ਵਿਚ ਵਿਦਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨਵ ਨਿਯੁਕਤ ਅਧਿਆਪਕਾਂ ਨੂੰ ਇਹ ਨਿਯੁਕਤੀ ਪੱਤਰ ਦੇਵਗੇ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬ ਸਰਕਾਰ ਬਾਕੀ ਮਹਿਕਮਿਆਂ 'ਚ ਨੇਤਰਹੀਣਾਂ ਦਾ ਬੈਕਲਾਗ ਵੀ ਛੇਤੀ ਪੂਰਾ ਕਰੇਗੀ।

****************************************************************

ਕੇਂਦਰ ਸਰਕਾਰ ਵੱਲੋਂ ਬਚਿਆਂ ਨੂੰ ਪੜ੍ਹਾਉਣ ਦੇ ਮਕਸਦ ਨਾਲ 2002 'ਚ ਸ਼ੁਰੂ ਕੀਤੇ ਸਰਵ ਸਿਖਿਆ ਅਭਿਆਨ ਤਹਿਤ ਗੁਰਦਾਸਪੁਰ ਜ਼ਿਲ੍ਹੇ 'ਚ ਮਹਿਕਮੇ ਨੇ ਕਈ ਪ੍ਰਾਪਤੀਆਂ ਕੀਤੀਆਂ ਨੇ।

ਸਾਡੇ ਪੱਤਰਕਾਰ ਅਵਨੀਤ ਸਿੰਘ ਤੇਜਾ ਨੇ ਵੱਖ ਵੱਖ ਸਕੂਲਾਂ ਦਾ ਦੌਰਾ ਕਰਨ ਮਗਰੋਂ ਖ਼ਬਰ ਦਿੱਤੀ ਏ ਕਿ ਏਸ ਯੋਜਨਾ ਨਾਲ ਬਹੁਤ ਸਾਰੇ ਬੱਚੇ ਪ੍ਰਾਈਵੇਟ ਸਕੂਲਾਂ ਵੱਲੋਂ ਕੀਤੀ ਜਾ ਰਹੀ ਲੁੱਟ ਤੋਂ ਬੱਚੇ ਨੇ ਅਤੇ ਇਸ ਨਾਲ ਵਿਦਿਆ ਦਾ ਮਿਆਰ ਵੀ ਉੱਚਾ ਹੋਇਐ। ਏਸ ਸਕੀਮ ਤਹਿਤ ਜ਼ਿਲ੍ਹੇ 'ਚ 80 ਪ੍ਰਾਇਮਾਰੀ ਸਕੂਲ ਚੱਲ ਰਹੇ ਨੇ। ਇਨ੍ਹਾਂ ਸਕੂਲਾਂ 'ਚ ਵੱਖ ਵੱਖ ਵਿਸ਼ਿਆਂ ਦੇ 320 ਅਧਿਆਪਕ ਕੋਈ 3500 ਵਿਦਿਆਰਥੀਆਂ ਨੂੰ ਪੜ੍ਹਾ ਰਹੇ ਨੇ।

****************************************************************

ਤਲਵੰਡੀ ਸਾਬੋ ਪਾਵਰ ਲਿਮਟਿਡ ਦੇ ਚੇਅਰਮੈਨ ਐਸ ਕੇ ਰੂੰਗਟਾ ਨੇ ਕਿਹੈ ਕਿ ਤਲਵੰਡੀ ਸਾਬੋ ਥਰਮਲ ਪਲਾਂਟ 'ਚ ਬਿਜਲੀ ਦਾ ਉਤਪਾਦਨ ਹਰ ਹਾਲਤ ਵਿੱਚ ਇਸ ਸਾਲ 30 ਨਵੰਬਰ ਤਕ ਸ਼ੁਰੂ ਹੋ ਜਾਏਗਾ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਚੰਡੀਗੜ੍ਹ 'ਚ ਮੁਲਾਕਾਤ ਕਰਕੇ ਉਨ੍ਹਾਂ ਭਰੋਸਾ ਦੁਆਇਆ ਕਿ ਉਹ ਨਿੱਜੀ ਤੌਰ ਤੇ ਇਸ ਪ੍ਰਾਜੈਕਟ ਦੇ ਨਿਰਮਾਣ ਦੀ ਸਮੀਖਿਆ ਕਰਦੇ ਆ ਰਹੇ ਨੇ ਤੇ ਇਸ ਲਈ ਕੋਲੇ ਦੀ ਸਪਲਾਈ ਯਕੀਨੀ ਬਨਾਉਣ ਲਈ ਕੋਲ ਇੰਡੀਆ ਲਿਮਟੇਡ ਨਾਲ ਇਕ ਸਮਝੌਤੇ ਤੇ ਹਸਤਾਖਰ ਕਰਨ ਵਾਸਤੇ ਕੇਂਦਰੀ ਕੋਲਾ ਮੰਤਰਾਲੇ ਤੇ ਪ੍ਰਧਾਨ ਮੰਤਰੀ ਦਫ਼ਤਰ ਨਾਲ ਸੰਪਰਕ ਵਿਚ ਨੇ।